ੴ ਸਤਿਗੁਰ ਪ੍ਰਸਾਦਿ॥
ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤੇਹ॥

ਬਾਣੀ ਬਿਰਲਉ ਬੀਚਾਰਸੀ; ਜੇ ਕੋ ਗੁਰਮੁਖਿ ਹੋਇ॥
ਇਹ ਬਾਣੀ ਮਹਾਪੁਰਖ ਕੀ; ਨਿਜ ਘਰਿ ਵਾਸਾ ਹੋਇ॥੪੦॥

# ਗੁਰਪ੍ਰਸਾਦਿ ਚੇਤਿ ਮਹੀਨੇ ਦੇ ਮਹਾਂ ਵਿਸਮਾਦ ਸ੍ਰਬ ਵਿਆਪੀ ਅਰਥ ਤ੍ਵਪ੍ਰਸਾਦਿ !




ਧਰਨਿ ਗਗਨ ਨਵ ਖੰਡ ਮਹਿ; ਜੋਤਿ ਸ੍ਵਰੂਪੀ ਰਹਿਓ ਭਰਿ॥ ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ ਪਰਤਖ੍ਯ ਹਰਿ॥ ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ ਧੰਨ ਪਿਆਰੇ ਵਾਹਿਗੁਰੂ ਸਾਹਿਬ ਜੀ ਹਨ ! ਜ਼ਾਲਮ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਕੇ, ਹੁਣ ਆਪ ਜੀ ਨੂੰ ਜੇਠ ਦੀ ਅਤੀ ਹੀ ਸਖ਼ਤ ਗਰਮੀ ’ਚ, ਉੱਬਲ਼ਦੀ ਦੇਗ਼ ਅੰਦਰ ਬਿਠਾ ਰਹੇ ਹਨ। ਹੁਣ ਜ਼ਾਲਮ ਤੱਤਾ ਤੱਤਾ ਰੇਤਾ ਆਪ ਜੀ ਦੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਧੀਰਜਧਾਰੀ ਨਿਰੰਕਾਰੀ ਨ੍ਰਿਵਿਕਾਰੀ ਸੀਸ ’ਤੇ ਪਾ ਰਹੇ ਹਨ। ਹੁਣ ਜ਼ਾਲਮ ਆਪ ਜੀ ਨੂੰ ਸੜ੍ਹਦੀ ਬਲਦੀ ਮੱਚਦੀ ਲੋਹ ’ਤੇ ਖੜ੍ਹਾ ਰਹੇ ਹਨ। ਆਪ ਜੀ ਗੁਰਮੁਖਿ ਨਿਰਲੇਪ ਅਵਸਥਾ ’ਚ ਪੰਜ ਦਿਨ ਭੁੱਖ ਉਣੀਂਦ੍ਰਾ ਤ੍ਰੇਹ ਸਹਾਰਦੇ ਹੋਏ, ਤੇਰਾ ਕੀਆ; ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ; ਨਾਨਕੁ ਮਾਂਗੈ॥ ਅੰਮ੍ਰਿਤ ਗੁਰਬਾਣੀ ਜਪ ਜਪਾ ਰਹੇ ਹਨ।

DOWNLOAD **LEARN SHUDH GURBANI** APP
@gursevaksevadar | www.gursevak.com | hello@gursevak.com

ਲੇਖਕ ਪ੍ਰਕਾਸ਼ਕ:- ਬ੍ਰਹਮਵਿੱਦਿਆ ਦੇ ਦਾਤੇ, ਪੰਥ ਰਤਨ, ਬ੍ਰਹਮਗਿਆਨੀ ਕੈ; ਗਰੀਬੀ ਸਮਾਹਾ॥ ਬ੍ਰਹਮਗਿਆਨੀ; ਪਰਉਪਕਾਰ ਉਮਾਹਾ॥ ਪੂਰਨ ਪਰਉਪਕਾਰੀ ਪੂਰਨ ਬ੍ਰਹਮਗਿਆਨੀ ਸੱਚਖੰਡ ਵਾਸੀ ਪਰਮਪੂਜਨੀਕ ਸ੍ਰੀ ਮਾਨ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ, ਸੰਤ ਕਰਤਾਰ ਸਿੰਘ ਸਾਹਿਬ ਖ਼ਾਲਸਾ ਜੀ ਦੇ ਸੱਚੇ ਪਰਉਪਕਾਰੀ ਚਰਨਕਮਲਾਂ ਦੇ, ਹਰਿ ਹਰਿ ਮੇਲਿ ਮੇਲਿ ਜਨ ਸਾਧੂ; ਹਮ. ਸਾਧ ਜਨਾ ਕਾ ਕੀੜਾ॥ ਅਨੁਸਾਰ ਨਿੱਕੇ ਕੀੜੇ ਕ੍ਰਿਮ, ਸਭ ਦੀ ਚਰਨ-ਧੂੜ, ਦਾਸਨਦਾਸ ਚਰਨ ਸਿੰਘ ਉਰਫ਼ ਜਸਵੰਤ ਸਿੰਘ ਪਿੰਡ ਦਾਉਧਰ (ਮੋਗਾ), ਜਵਾਹਰ ਸਿੰਘ ਪਿੰਡ ਚਮਿੰਡੇ (ਲੁਧਿਆਣਾ) ਪੰਜਾਬ ਇੰਡੀਆ।

ਗੁਰੂ ਪਿਆਰੀ ਗੁਰਸਿੱਖੀ ਦੇ ਪ੍ਰਚਾਰ ਵਿਕਾਸ ਲਈ, ਤਬਦੀਲੀ ਬਿਨਾ, ਵੱਧ ਤੋਂ ਵੱਧ ਹੋਰ ਭਾਸ਼ਾਵਾਂ 'ਚ, ਇਸ ਦਾ ਉਲੱਥਾ ਕਰਨ ਦੀ ਸੇਵਾ ਦਾਸਨ ਦਾਸ ਨਾਲ ਸੰਪ੍ਰਕ ਕਰਕੇ ਕਰੋ ਜੀ।

ਇਹ ਪਰਮਪਵਿੱਤ੍ਰ ਪੋਥੀਆਂ ਪ੍ਰਾਪਤ ਕਰਕੇ ਨਿਹਾਲ ਨਿਹਾਲ ਹੋਵੋ ਜੀ:

੧.ਪੋਥੀ ਜਨਮ ਸੰਸਕਾਰ, ਅੰਮ੍ਰਿਤ ਸੰਸਕਾਰ, ਬ੍ਰਹਮ ਵਿੱਦਿਆ, ਅਨੰਦ ਕਾਰਜ, ਅੰਤਮ ਸੰਸਕਾਰ।

੨.ਪੋਥੀ ਵਾਹਿਗੁਰੂ ਸਤਿਗੁਰੂ ਸ੍ਰੀ ਸੁਖਮਨੀ ਸਾਹਿਬ ਜੀ ਸਟੀਕ, ਸ੍ਰੀ ਦਮਦਮੀ ਟਕਸਾਲ।

੩.ਸਤਿਗੁਰੂ ਸਾਹਿਬ ਜੀ ਅਤੇ ਸੰਤਾਂ ਮਹਾਂਪੁਰਸ਼ਾਂ ਦੇ ਅਮੋਲਕ ਬੋਲੇ ਅਤੇ ਗੁਰਮਤਿ ਅਨੁਸਾਰ ਅਨੇਕ ਪ੍ਰਸ਼ਨਾਂ ਦੇ ਉੱਤ੍ਰ ਸਤਿਗੁਰੂ ਗ੍ਰੰਥ ਸਾਹਿਬ ਜੀ ਬਖ਼ਸ਼ ਰਹੇ ਹਨ। ਪੜ੍ਹਣ ਵਾਲੇ ਧਾਰਮਿਕ ਗ੍ਰੰਥਾਂ ਦੇ ਨਾਮ। ਦੇਹ ਅਰੋਗਤਾ, ਗੱਡੀ ਦੀ ਦੇਖ ਰੇਖ ਡਰਾਈਵਿੰਗ ਬਾਰੇ ਸ਼ੁਭ ਸਿੱਖਿਆ।

੪.ਦਸ ਸਤਿਗੁਰੂ ਸਾਹਿਬਾਨ ਜੀ ਦੀ ਪਰਮਪੂਜਨੀਕ ਸ਼ੁਭ ਸੱਚੀ ਬੰਸਾਵਲੀ।

੫.ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਮਹਾਂ ਵਿਸਮਾਦ ਇਤਿਹਾਸ, ਅਖੰਡ ਪਾਠ, ਸਹਜ ਪਾਠ ਮਰਯਾਦਾ, ਗੁਰਬਾਣੀ ਜੀ ਦੇ ਸਤਿਕਾਰ ਪੂਜਨ ਮਹਾਂ ਵਿਸਮਾਦ ਸ਼ੁਭ ਸਿੱਖਿਆ, ੧੦੧ ਅਰਦਾਸਾਂ, ਗੁਰਪੁਰਬਾਂ ਦੀਆਂ ਅਰਦਾਸਾਂ।

੬.ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ੁੱਧ ਉਚਾਰਣ, ਅਰਥ ਪਾਠ ਅਤੇ ਵਿਸ਼ਰਾਮ ਪੋਥੀ, ਸ਼੍ਰੀ ਦਮਦਮੀ ਟਕਸਾਲ।

੭.ਆਦਿ ਬਾਣੀ, ਸ੍ਰੀ ਦਸਮ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ 'ਚੋਂ ਗ੍ਰੀਬੀ ਵਾਲੇ, ਸਬਦ ਪਦਾਂ ਦੇ ਮਹਾਂ ਵਿਸਮਾਦ ਅਰਥ। ਦੂਜਾ ਪ੍ਰਕਰਣ ਪੂਜਾ ਦਾ ਧਾਨ ਜ਼ਹਿਰ।

੮.ਸਲੋਕ ਭਗਤ ਕਬੀਰ ਸਾਹਿਬ ਜੀ, ਭਗਤ ਫਰੀਦ ਸਾਹਿਬ ਜੀ ਦੇ ਮਹਾਂ ਵਿਸਮਾਦ ਅਰਥ।

੯.ਗੁਰਬਾਣੀ ਜੀ ਦੇ ਚਾਨਣ ਅੰਦਰ ਦੇਹ ਅਰੋਗਤਾ ਬਾਰੇ ਮਹਾਂ ਵਿਸਮਾਦ ਸਿੱਖਿਆ।

੧੦.ਗੁਰਮੁਖਿ ਗੁਰਮੁਖੀ ਬਾਲਉਪਦੇਸ਼! ਰਿਕਾਰਡ ਕੀਤਾ ਬਾਲਉਪਦੇਸ਼ ਸੁਣ! ਗੁਰਮੁਖੀ ਸਿਖਾਉ ਹੇ ਦਰਵੇਸ਼!

੧੧.ਪਰਮਪੂਜਨੀਕ ਦਸੇ ਪਾਤਿਸਾਹ ਮਿਹਰਵਾਨ ਭਗਵਾਨ ਬਖ਼ਸ਼ਦੇ ਹਨ ਚੰਗੇ ਇਖ਼ਲਾਕ ਦਾ ਦਾਨ।

ਗੁਰੂ ਪਿਆਰੀ ਸਾਧ ਸੰਗਤ ਜੀ ਆਪ ਜੀ ਨੂੰ ਇਹ ਜਾਣਕੇ ਬੇਅੰਤ ਖੁਸ਼ੀ ਹੋਵੇਗੀ ਕਿ ਗੁਰਬਾਣੀ ਉਚਾਰਣ ਸ਼ੁੱਧੀ ਲਈ ਇਨ੍ਹਾਂ ਪੋਥੀ ਸਾਹਿਬਾਨਾਂ ਦੀਆਂ ਰਿਕਾਰਡਿੰਗ ਭੀ ਦਾਸਨ ਦਾਸ ਤੋਂ ਗੁਰੂ ਸਾਹਿਬ ਜੀ ਨੇ ਕਰਵਾਈ ਹੈ। ਇਨ੍ਹਾਂ ਨੂੰ (gursevak.com) ਤੋਂ ਪ੍ਰਾਪਤ ਕਰੋ। ਸੰਗਤ ਜੀ ਰਿਕਾਰਡਿੰਗ ਲਾਕੇ ਪੋਥੀ ਸਾਹਿਬ ਪ੍ਰਕਾਸ਼ ਕਰਕੇ ਮਗਰ ਮਗਰ ਬੋਲਣਾ ਜੀ।

ਪੋਥੀ ਸਾਹਿਬਾਨ, ਸ਼ੁੱਧ ਉਚਾਰਨ ਸਤਿਗੁਰੂ ਗ੍ਰੰਥ ਸਾਹਿਬ ਜੀ ਪਾਠ ਦੇ **Auido Player** ਪ੍ਰਾਪਤੀ ਲਈ: 306-580-7730 ਸੰਪਰਕ ਕਰੋ। ਗੁਰੂ ਸੇਵਾ ਲਈ ਭੇਟਾ ਕਰਨ ਤੇ ਤੁਹਾਨੂੰ 'CANADIAN TAX RECEIPT' ਦਿੱਤੀ ਜਾਵੇਗੀ।

ਭੇਟਾ ਲਈ ਉੱਤੇ ਕੈਨੇਡੀਅਨ ਫੋਨ ਨੰਬਰਾਂ ਤੇ ਸੰਪਰਕ ਕਰੋ ਜੀ ਜਾਂ www.Gursevak.com/content/donate ਤੇ ਜਾ ਕੇ ਭੇਟਾ ਦੇਵੋ। ਦਾਸਨਦਾਸਾਂ ਦੀ ਸੇਵਾ ਸੰਸਥਾ DEAR FATHER BRAVE GURU GOD'S SLAVE SOCIETY. ਹੁਣ CANADA REVENUE AGENCY ਨਾਲ #84017-9444-RR0001 ਹੇਠਾਂ REGISTERED CHARITY ਹੈ।

ਪਹਿਲਾ ਮਰਣੁ ਕਬੂਲਿ; ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ; ਤਉ ਆਉ ਹਮਾਰੈ ਪਾਸਿ॥) ਤੂ ਚਉ ਸਜਣ ਮੈ- ਡਿਆ; ਡੇਈ ਸਿਸੁ ਉਤਾਰਿ॥ ਨੈਣ ਮਹਿੰਜੇ ਤਰਸਦੇ; ਕਦਿ ਪਸੀ ਦੀਦਾਰੁ॥) ਕਬੀਰ.ਜਉ ਤੁਹਿ ਸਾਧ ਪਿਰੰਮ ਕੀ; ਸੀਸੁ ਕਾਟਿ ਕਰਿ ਗੋਇ॥ ਖੇਲਤ ਖੇਲਤ ਹਾਲ ਕਰਿ; ਜੋ ਕਿਛੁ ਹੋਇ ਤ ਹੋਇ॥) ਮਰਣੁ ਮੁਣਸਾ ਸੂਰਿਆ.ਹਕੁ ਹੈ; ਜੋ ਹੋਇ ਮਰਨਿ ਪਰਵਾਣੋ॥) ਸਭੁ ਦਿਨਸੁ ਰੈਣਿ.ਦੇਖਉ ਗੁਰੁ ਅਪੁਨਾ; ਵਿਚਿ ਅਖੀ.ਗੁਰ ਪੈਰ ਧਰਾਈ॥) ਸਾਗਰ ਮੇਰ ਉਦਿਆਨ ਬਨ; ਨਵ ਖੰਡ ਬਸੁਧਾ ਭਰਮ॥ ਮੂਸਨ ਪ੍ਰੇਮ ਪਿਰੰਮ ਕੈ; ਗਨਉ ਏਕ ਕਰਿ ਕਰਮ॥) ਜਉ ਤਨੁ ਚੀਰਹਿ; ਅੰਗਿ ਨ ਮੋਰਉ॥ ਪਿੰਡੁ ਪਰੈ; ਤਉ. ਪ੍ਰੀਤਿ ਨ ਤੋਰਉ॥) ਜੋ ਗੁਰ ਦੀਸੈ ਸਿਖੜਾ; ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥) ਗੁਰਸਿਖਾਂ ਕੀ ਹਰਿ.ਧੂੜਿ ਦੇਹਿ; ਹਮ ਪਾਪੀ ਭੀ ਗਤਿ ਪਾਂਹਿ॥) ਜਨੁ ਨਾਨਕੁ. ਧੂੜਿ ਮੰਗੈ ਤਿਸੁ ਗੁਰਸਿਖ ਕੀ; ਜੋ ਆਪਿ ਜਪੈ.ਅਵਰਹ ਨਾਮੁ ਜਪਾਵੈ॥) ਸਚਹੁ ਓਰੈ ਸਭੁ ਕੋ; ਉਪਰਿ ਸਚੁ ਆਚਾਰੁ॥) ਸਚੁ ਸੁਹਾਵਾ ਕਾਢੀਐ; ਕੂੜੈ ਕੂੜੀ ਸੋਇ॥ ਨਾਨਕ.ਵਿਰਲੇ ਜਾਣੀਅਹਿ; ਜਿਨ ਸਚੁ ਪਲੈ ਹੋਇ॥) ਹੀਣਉ ਨੀਚੁ ਕਰਉ ਬੇਨੰਤੀ; ਸਾਚੁ ਨ ਛੋਡਉ ਭਾਈ॥ ਨਾਨਕ.ਜਿਨਿ ਕਰਿ ਦੇਖਿਆ; ਦੇਵੈ ਮਤਿ ਸਾਈ॥) ਕੂੜ ਨਿਖੁਟੇ. ਨਾਨਕਾ; ਓੜਕਿ ਸਚਿ ਰਹੀ॥ {ਦੇਹ ਸਿਵਾ ਬਰ ਮੋਹਿ ਇਹੈ; ਸੁਭ ਕਰਮਨ ਤੇ.ਕਬਹੂੰ ਨ ਟਰੋ॥) ਕਰਿ ਮਨ ਮੇਰੇ; ਸਤਿ ਬਿਉਹਾਰ॥ ਅਨੁਸਾਰ ਇਹ ਪਰਮਪਵਿੱਤ੍ਰ ਪੋਥੀਆਂ ਪੂਰਨ ਸਤਿਕਾਰ ਸਹਿਤ ਬਹੁ ਗਿਣਤੀ 'ਚ ਸੰਭਾਲੋ.ਪੂਰਨ ਪ੍ਰੇਮ ਸਹਿਤ ਪੜ੍ਹੋ, ਦਸਖ਼ਤ ਕਰਾ ਕੇ.ਅਰਦਾਸਿ ਕਰਕੇ, ਪੜ੍ਹਨ ਨੂੰ ਦਿੰਦੇ ਲੈਂਦੇ ਰਹੋ। ਯਥਾ:- ਲਖ ਖੁਸੀਆ ਪਾਤਿਸਾਹੀਆ; ਜੇ ਸਤਿਗੁਰੁ ਨਦਰਿ ਕਰੇਇ॥ ਨਿਮਖ ਏਕ.ਹਰਿ ਨਾਮੁ ਦੇਇ; ਮੇਰਾ ਮਨੁ ਤਨੁ ਸੀਤਲੁ ਹੋਇ॥) ਵਿਚਿ ਦੁਨੀਆ; ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥ ਕਹੁ ਨਾਨਕ ਬਾਹ ਲੁਡਾਈਐ॥}





ਧਰਨਿ ਗਗਨ ਨਵ ਖੰਡ ਮਹਿ; ਜੋਤਿ ਸ੍ਵਰੂਪੀ ਰਹਿਓ ਭਰਿ॥ ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ ਪਰਤਖ੍ਹ ਹਰਿ॥ ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ ਧੰਨ ਪਿਆਰੇ ਵਾਹਿਗੁਰੂ ਸਾਹਿਬ ਜੀ ਹਨ! ਜ਼ਾਲਮ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਕੇ, ਹੁਣ ਆਪ ਜੀ ਨੂੰ ਜੇਠ ਦੀ ਅਤੀ ਹੀ ਸਖ਼ਤ ਗਰਮੀ ’ਚ, ਉੱਬ਼ਲਦੀ ਦੇ਼ਗ ਅੰਦਰ ਬਿਠਾ ਰਹੇ ਹਨ। ਹੁਣ ਜ਼ਾਲਮ ਤੱਤਾ ਤੱਤਾ ਰੇਤਾ ਆਪ ਜੀ ਦੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਧੀਰਜਧਾਰੀ ਨਿਰੰਕਾਰੀ ਨ੍ਰਿਵਿਕਾਰੀ ਸੀਸ ’ਤੇ ਪਾ ਰਹੇ ਹਨ। ਹੁਣ ਜ਼ਾਲਮ ਆਪ ਜੀ ਨੂੰ ਸੜ੍ਹਦੀ ਬਲਦੀ ਮੱਚਦੀ ਲੋਹ ’ਤੇ ਖੜ੍ਹਾ ਰਹੇ ਹਨ। ਆਪ ਜੀ ਗੁਰਮੁਖਿ ਨਿਰਲੇਪ ਅਵਸਥਾ’ਚ ਪੰਜ ਦਿਨ ਭੁੱਖ ਉਣੀਂਦ੍ਹਾ ਤ੍ਰੇਹ ਸਹਾਰਦੇ ਹੋਏ, ਤੇਰਾ ਕੀਆ; ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ; ਨਾਨਕੁ ਮਾਂਗੈ॥ ਅੰਮ੍ਰਿਤ ਗੁਰਬਾਣੀ ਜਪ ਜਪਾ ਰਹੇ ਹਨ।



ਧਰਮ ਹੇਤ;ਸਾਕਾ ਜਿਨਿ ਕੀਆ॥ਸੀਸੁ ਦੀਆ; ਪਰੁ.ਸਿਰਰੁ ਨ ਦੀਆ॥ ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਧੰਨ ਪਿਆਰੇ ਵਾਹਿਗੁਰੂ ਸਾਹਿਬ ਜੀ ਹਨ! ਜ਼ਾਲਮ ਘੋਰ ਭਿਆਨਕ ਅ- ਤਆਚਾਰ ਜ਼ੁਲਮ ਕਰਕੇ, ਹੁਣ ਆਪ ਜੀ ਨੂੰ ਲੋਹੇ ਦੇ ਤੰਗ ਪਿੰਜਰੇ ’ਚ ਗੋਲ ਦਾਇਰੇ ਤਿੱਖੇ ਤੀਰਾਂ

ਵਿਚਕਾਰ ਬਿਠਾ ਰਹੇ ਹਨ। ਆਪ ਜੀ ਗੁਰਮੁਖਿ ਨਿਰਲੇਪ ਅਵਸਥਾ ’ਚ ਹੁਣ ਵਾਹਿਗੁਰੂ ਵਾਹਿਗੁਰੂ ਜਪ ਜਪਾ ਰਹੇ ਹਨ। ਹੁਣ ਵੈਗਾਰਮਈ ਭੋਗ ਦੇ ਸਲੋਕ ਉਚਾਰ ਰਹੇ ਹਨ। ਹੁਣ ਧਰਮ ਦੇ ਪ੍ਰਕਾਸ਼, ਜ਼ੁਲਮ ਦੇ ਨਾਸ ਲਈ ਆਪਣੇ ਸੁੰਦਰ ਸੀਸ ਸਾਹਿਬ ਜੀ ਕੁਰਬਾਨ ਕਰ ਰਹੇ ਹਨ। ਆਪ ਜੀ ਦੇ ਸ਼ਹੀਦ ਹੋਏ ਸ੍ਰੀ ਸੀਸ ਸਾਹਿਬ ਜੀ ਹੁਣ ਦਾਸਨਦਾਸੀ ਦੇ ਸਿਰ ’ਤੇ ਸਜ ਰਹੇ ਹਨ।



ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਖ਼ਾਲਸਾ ਜੀ ਧੰਨ ਪਿਆਰੇ ਸੱਚੇ ਬਹੁ ਬੇਅੰਤ; ਊਚ ਤੇ ਊਚਾ॥ ਸੱਚੇ ਕੰਤ ਸੱਚੇ ਭਗਵੰਤ ਪੂਰਨ ਗੁਰਦੇਵ ਦੀਨ ਦਇਆਲ ਸਦਾ ਕ੍ਰਿਪਾ, ਸਦ ਮੇਹਰਵਾਨ, ਸੱਚੇ ਗੁਰਬਾਣੀ ਨਾਮ ਦੇ ਸੱਚੇ ਦਾਤੇ ਵਾਹਿਗੁਰੂ ਸਾਹਿਬ ਜੀ ਹਨ! ਹੁਣ ਧਰਮ ਦੇ ਪ੍ਰਕਾਸ, ਜ਼ੁਲਮ ਦੇ ਨਾਸ ਲਈ, ਅਪਣੀ ਆਪ ਦੀ ਕੁਰਬਾਨੀ, ਗੁਰਦੇਵ ਮਾਤਾ. ਗੁਰਦੇਵ ਪਿਤਾ; ਪਰਮਪੂਜਨੀਕ ਪਿਤਾ ਸੱਚੇ ਸਤਿਗੁਰੂ ਨੌਵੇਂ ਪਾਤਿਸ਼ਾਹ ਜੀ ਦੀ, ਪਰਮਪੂਜਨੀਕ ਗੁਰਮੁਖਿ ਮਾਤਾ ਗੂਜਰੀ ਕੌਰ ਜੀ, ਚਾਰੇ ਸ਼ਾਹਿਬਜ਼ਾਦੇ, ਸਿੰਘ ਸਿੰਘਣੀਆਂ, ਫ਼ੌਜਾਂ, ਖ਼ਜ਼ਾਨੇ ਸਭ ਕੁੱਝ ਕੁਰਬਾਨ ਕਰ ਰਹੇ ਹਨ। ਹੁਣ ਮਾਛੀਵਾੜੇ ਜੰਗਲ ’ਚ ਗੁਰਮੁਖਿ ਨਿਰਲੇਪ ਮਹਾਂ ਵਿਸਮਾਦ ਅਵਸਾਦ ’ਚ ਟਿੰਡ ਦਾ ਸਿਰਾਣਾ ਲਾ ਕੇ ਹੁਣ ਜਪ ਰਹੇ ਹਨ:- ਖਿਆਲ ਪਾਤਿਸਾਹੀ ੧੦॥ ਮਿਤ੍ਰ ਪਿਆਰੇ ਨੂੰ; ਹਾਲੁ ਮੁਰੀਦਾਂ ਦਾ ਕਹਣਾ॥ ਤੁਧੁ ਬਿਨੁ. ਰੋਗੁ ਰਜਾਈਆ ਦਾ ਓਢਣ; ਨਾਗ ਨਿਵਾਸਾ ਦੇ ਰਹਣਾ॥ ਸੂਲ ਸੁਰਾਹੀ ਖੰਜਰੁ ਪਿਆਲਾ; ਬਿੰਗ ਕਸਾਈਆ ਦਾ ਸਹਣਾ॥ ਯਾਰੜੇ ਦਾ ਸਾਨੂੰ ਸਥਰੁ ਚੰਗਾ; ਭੱਠ ਖੇੜਿਆ ਦਾ ਰਹਣਾ॥੧॥੬॥

ਉਥਾਨਕਾ:- ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪ ੧ੴ ਸਤਿਗੁਰ ਪ੍ਰਸਾਦਿ॥

;ਅੰਮ੍ਰਿਤਸਰੁ ਸਿਫਤੀ ਦਾ ਘਰੁ॥੨੮॥ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਅਤੇ ਅੰਮ੍ਰਿਤ ਸ੍ਰੋਵਰ ਸਾਹਿਬ ਜੀ ਦੀ ਕਾਰ ਸੇਵਾ ਚੱਲ ਰਹੀ ਸੀ। ਦੂਰੋਂ ਦੂਰੋਂ ਸਿੱਖ ਸੰਗਤਾਂ ਸੇਵਾ ਕਰਨ ਲਈ, ਅੰਮ੍ਰਿਤ ਕੀਰਤਨ ਕਰਦਿਆਂ ਤੁਰ ਕੇ ਔਂਦੀਆਂ, ਸੱਚੇ ਸਤਿਗੁਰੂ ਅਰਜਨਦੇਵ ਸਾਹਿਬ ਜੀ ਦੇ ਦਰਸਨ ਕਰਕੇ ਨਿਹਾਲ ਹੁੰਦੀਆਂ। ਨਿਤਾਪ੍ਰਤੀ ਸਤਿਗੁਰੂ ਸਾਹਿਬ ਜੀ ਸੁੰਦਰ ਦੀਵਾਨ ਸਜੌਂਦੇ, ਅੰਮ੍ਰਿਤ ਗੁਰਬਾਣੀ ਕਥਾ ਕੀਰਤਨ ਦੇ ਪ੍ਰਵਾਹ ਚੱਲਦੇ।

ਇੱਕ ਪੰਡਿਤ ਨੇ ਗਲ਼ 'ਚ ਪੱਲਾ ਪਾ ਕੇ ਸਿਰ ਝੁਕਾਅ ਕੇ, ਹੱਥ ਜੋੜ ਕੇ ਗ੍ਰੀਬ ਨਿਵਾਜ ਜੀ ਦੇ ਸੱਚੇ ਪਰਉਪਕਾਰੀ ਚਰਨਕਮਲਾਂ 'ਚ ਪ੍ਰੇਮ ਬੇਨਤੀ ਕੀਤੀ "ਹੇ ਸੱਚੇ ਪਾਤਿਸਾਹ ਜੀ! ਦਾਸਨਦਾਸ ਸੰਸਕ੍ਰਿਤ ਆਦਿ ਕਠਨ ਵਿੱਦਿਆ ਪੜ੍ਹਿਆ ਹੈ। ਪਰ ਦਾਸਨਦਾਸ ਅਤਿਅੰਤ ਹੀ ਗ੍ਰੀਬ ਹੈ ਜੀ, ਰੋਜ਼ੀ ਨਹੀਂ ਚੱਲਦੀ, ਤੇ ਨਾ ਹੀ ਕਥਾ ਕਰਨ ਲਈ ਕੋਈ ਥਾਂ ਮਿਲਦੀ ਹੈ ਜੀ। ਜੇ ਆਪ ਜੀ ਨੂੰ ਭਾਵੇ, ਤਾਂ ਹਰ ਸੰਗਰਾਂਦ ਸਿੱਖ ਸੰਗਤਾਂ ਨੂੰ ਮਹੀਨੇ ਦਾ ਫ਼ਲ ਉਪਦੇਸ ਦਾਸਨਦਾਸ ਸੁਣਾਵੇ ਜੀ?" ਤਾਂ ਸਤਿਗੁਰੂ ਸਾਹਿਬ ਜੀ ਨੇ ਤਰਸ ਕਰਕੇ ਉਸ ਪੰਡਿਤ ਨੂੰ ਕਥਾ ਕਰਨ ਦੀ ਆਗਿਆ ਬਖ਼ਸ਼ੀ। ਕੁੱਝ ਸਮੇਂ ਮਗਰੋਂ ਉਸ ਪੰਡਿਤ ਨੂੰ ਅਤਿਅੰਤ ਭੈੜਾ ਹੰਕਾਰ ਹੋ ਗਿਆ।




ਚੇਤ ਦੀ ਸੰਗਰਾਂਦ ਦੇ ਦਿਹਾੜੇ, ਤਖਤਿ ਬੈਠਾ ਅਰਜਨ ਗੁਰੂ; ਸਤਿਗੁਰ ਕਾ ਖਿਵੈ ਚੰਦੋਆ॥ ਉਗਵਣਹੁ ਤੈ ਆਥਵਣਹੁ; ਚਹੁ ਚਕੀ ਕੀਅਨੁ ਲੋਆ॥ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ, ਸ੍ਰੀ ਮੰਜੀ ਸਾਹਿਬ ਜੀ ਵਿਖੇ ਸੁੰਦਰ ਸੋਹਣੇ ਦੂਹਰੇ ਚੰਦੋਏ ਸਾਹਿਬ ਜੀ ਹੇਠਾਂ ਸ੍ਰੀ ਥੜੇ ਸਾਹਿਬ ਜੀ 'ਤੇ ਸੁਭਾਇਮਾਨ, ਸਜੇ ਸ਼ਾਨਦਾਰ ਦੀਵਾਨ 'ਚ ਸੰਗਤਾਂ ਨੂੰ ਸੁੰਦਰ ਦਰਸਨ ਬਖ਼ਸ਼ ਰਹੇ ਸਨ। ਸੱਚੇ ਸਤਿਗੁਰੂ

ਸਾਹਿਬ ਜੀ ਅਪਨੀ ਭਗਤੀ ਰੂਪੀ ਚਾਨਣੀ ਦਾ ਪ੍ਰਕਾਸ਼ ਪਾ ਕੇ ਅਗਿਆਨ ਰੂਪ ਸੂਰਜ ਦੀਆਂ, ਰਾਗ ਦ੍ਵੈਖ ਰੂਪ ਕ੍ਰਿਨਾਂ, ਤ੍ਰਿਸਨਾ ਰੂਪ ਧੁਪ ਕਰਕੇ ਅਕਲਾਏ ਹੋਏ ਹਿਰਦਿਆਂ ਵਿੱਚ ਸਾਂਤੀ ਬਖ਼ਸ਼ ਰਹੇ ਸਨ। ਸੂਰਜ ਦੀ ਤਪਸ਼ ਨੂੰ ਮੇਟਣ ਵਾਸਤੇ ਚੰਦ੍ਰਮਾਂ ਵਾਂਗ ਗੁਰੂ ਜੀ ਇੱਕ ਰਸ ਪ੍ਰਕਾਸ਼ ਰਹੇ ਸਨ। ਯਥਾ:- ਦਿਨੀਅਰੁ ਸੂਰੁ ਤ੍ਰਿਸਨਾ ਅਗਨਿ ਬੁਝਾਨੀ; ਸਿਵ ਚਰਿਓ ਚੰਦੁ ਚੰਦਾਕੀ॥੩॥) ਜੈਸੇ ਸਕਤਿ ਸੂਰੁ, ਬਹੁ ਜਲਤਾ; ਗੁਰ ਸਸਿ ਦੇਖੇ. ਲਹਿ ਜਾਇ ਸਭ ਤਪਨਾ॥੧॥

ਸਜੇ ਸੁੰਦਰ ਦੀਵਾਨ 'ਚ, ਬ੍ਰਹਮਗਿਆਨੀ ਪਰਉਪਕਾਰ ਉਮਾਹਾ॥ ਪੂਰਨ ਬ੍ਰਹਮ, ਸਿੱਖੀ ਦੇ ਥੰਮ੍ਹ ਬਾਬਾ ਬੁੱਢਾ ਸਾਹਿਬ ਜੀ, ਸਤਿਗੁਰੂ ਸਾਹਿਬ ਜੀ ਦੇ ਚਰਨਕਮਲਾਂ 'ਚ ਸਿਰ ਝੁਕਾ ਕੇ ਗਲ਼ 'ਚ ਪੱਲਾ ਪਾ ਕੇ ਖੜ੍ਹੇ ਹੋਏ। ਸਤਿਗੁਰੂ ਸਾਹਿਬ ਜੀ ਨੇ ਬਾਬਾ ਜੀ ਵੱਲ ਨਾਨਕ ਨਦਰੀ; ਨਦਰਿ ਨਿਹਾਲ॥੩੮॥ ਮਿਹਰ ਦੀ ਨਿਗ੍ਹਾ ਕਰਕੇ ਤੱਕਦਿਆਂ ਕਿਹਾ, "ਜੀ ਬਾਬਾ ਜੀ! ਕੀ ਹੁਕਮ ਹੈ?" ਤਾਂ, ਸੇਵਕ ਕਾ ਹੋਇ ਸੇਵਕੁ ਵਰਤਾ; ਕਰਿ ਕਰਿ ਬਿਨਉ ਬੁਲਾਈ॥੧੭॥ ਅਨੁਸਾਰ ਅਤਿਅੰਤ ਨਿੰਮ੍ਰਤਾ ਸਹਿਤ ਬੋਲੇ "ਹੇ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ; ਸਤਿਗੁਰੂ ਸਾਹਿਬ ਜੀ! ਜੋ ਪੰਡਿਤ ਹਰ ਸੰਗਰਾਂਦ ਕਥਾ ਕਰਦਾ ਸੀ, ਉਸ ਨੇ ਜਵਾਬ ਦੇ ਦਿਤਾ ਕਹਿੰਦਾ ਮੈ ਬਹ੍ਰਮਣ ਹਾਂ, ਸਤਿਜੁੱਗ ਤੋਂ ਲੈ ਕੇ ਸਾਡੀ ਮੰਨਤਾ ਪੂਜਾ ਹੁੰਦੀ ਆਈ ਹੈ। ਪਰ ਹੁਣ ਤੁਸੀਂ ਸਾਰੇ ਗ੍ਰਿਹਸਤੀ ਗੁਰੂ ਨੂੰ ਮੰਨਦੇ ਹੋਂ, ਮਹੀਨੇ ਦਾ ਫ਼ਲ ਉਪਦੇਸ ਮੈਥੋਂ ਸੁਣਦੇ ਹੋਂ। ਜੇ ਕਥਾ ਸੁਨਣੀ ਹੈ ਤਾਂ ਮੈਨੂੰ ਪੂਜੋ। ਹੇ ਸੱਚੇ ਪਾਤਿਸਾਹ ਜੀਉ! ਆਪ ਜੀ ਕਲਜੁਗਿ. ਜਹਾਜੁ ਅਰਜੁਨੁ ਗੁਰੂ; ਸਗਲ ਸ੍ਰਿਸ੍ਟਿ ਲਗਿ ਬਿਤਰਹੁ॥੨॥) ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ; ਸਰਬ ਜੀਆ ਕਾ ਦਾਤਾ ਰੇ॥) ਗੁਰ ਗੋਵਿੰਦੁ. ਗੋੁਵਿੰਦੁ ਗੁਰੂ ਹੈ; ਨਾਨਕ. ਭੇਦੁ ਨ ਭਾਈ॥੪॥੧॥੮॥) ਦੋਹਿਤਾ. ਬਾਣੀ ਕਾ ਬੋਹਿਥਾ। ਹੋਂ ਜੀ। ਆਪ ਜੀ ਵਾਹਿਗੁਰੂ ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥ ਜੀ ਦੇ ਪੰਜਵੇਂ ਅਵਤਾਰ ਹੋਂ ਜੀ। ਮਹਾਨ ਹੀ ਮਹਾਨ ਮਹਾਂ ਵਿਸਮਾਦ ਕ੍ਰਿਪਾ ਹੀ ਕ੍ਰਿਪਾ ਕਰਕੇ, ਸਾਚ ਨਾਮ ਕੀ. ਅੰਮ੍ਰਿਤ ਵਰਖਾ॥੩॥ ਕਰੋ ਜੀ, ਨਿਹਾਲ ਨਿਹਾਲ ਕਰੋ ਜੀ! ਹੇ ਮੇਰੇ ਸਤਿਗੁਰੂ ਦੀਨ ਦਇਆਲ ਜੀ! ਕਰ ਦੇਵੋ ਨਿਹਾਲ ਜੀ। ਤਰਸ ਮਿਹਰ ਕਰਕੇ ਸੁੰਦਰ ਸੁਖਾਲੀ, ਅਪਾਰ ਗਹਿਰ ਗੰਭੀਰ ਰਸ ਮਈ ਅੰਮ੍ਰਿਤ ਗੁਰਬਾਣੀ ਉਚਾਰਨ ਕਰੋ ਜੀ, ਜਿਸ 'ਚ ਬਾਰਾਂ ਮਹੀਨਿਆਂ ਦੁਆਰਾ ਸ਼ੁਭ ਸੱਚਾ ਅੰਮ੍ਰਿਤ ਉਪਦੇਸ ਹੋਵੇ ਜੀ, ਸੰਗਤਾਂ ਹਰ ਸੰਗਰਾਂਦ ਨੂੰ ਸ੍ਰਵਣ ਕਰਕੇ ਮਹੀਨਾ ਸਫਲਾ ਕਰ ਸਕਣ, ਜੀਵਨ ਮੁਕਤੀ, ਪ੍ਰਭੂ ਪ੍ਰਾਪਤੀ, ਰਿਦੇ 'ਚੋਂ ਮੂੰਹ 'ਚ ਅੰਮ੍ਰਿਤ, ਦਿਮਾਗ 'ਚ ਗੁਰਬਾਣੀ ਦਾ ਮਹਾਂ ਮਹਾਂ ਵਿਸਮਾਦ ਅਨੰਦ ਮਾਣ ਸਕਣ, ਨਿਹਾਲ ਨਿਹਾਲ ਨਿਹਾਲ ਹੋ ਜਾਣ।"

ਪ੍ਰੇਮ ਸਹਿਤ ਬੇਨਤੀ ਸੁਣ ਕੇ ਸਤਿਗੁਰੂ ਸਾਹਿਬ ਜੀ ਕਹਿੰਦੇ "ਹੇ ਪਰਮਸੇਵਕ ਬਾਬਾ ਬੁੱਢਾ ਸਾਹਿਬ ਜੀ! ਪਰਮਪੂਜਨੀਕ, ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥ ਜੀ ਨੇ ਪਹਿਲਾਂ ਹੀ ਤੁਖਾਰੀ ਰਾਗ 'ਚ ਨਿਰੰਕਾਰ ਸਰੂਪ ਬਾਰਹ ਮਾਹਾ ਉਚਾਰਨ ਕੀਤੇ ਹਨ।" ਤਾਂ ਬਾਬਾ ਜੀ ਨੇ ਕਿਹਾ "ਹੇ ਸੱਚੇ ਪਾਤਿਸਾਹ ਜੀ! ਆਪ ਜੀ ਭੀ ਬਾਰਹ ਮਾਹਾ ਉਚਾਰੋ, ਜਿਸ ਨੂੰ ਪੜ੍ਹਨ ਨਾਲ ਅਰਥ ਸੌਖੇ ਹੀ ਸਮਝ ਆ ਜਾਣ, ਸਾਡੀਆਂ ਬੁੱਧੀਆਂ ਤੁੱਛ

ਹਨ, ਖਿਮਾ ਕਰਨੀ ਜੀ" ਇਹ ਪ੍ਰੇਮ ਬੇਨਤੀ ਸੁਣ ਕੇ, ਦੋਹਿਤਾ. ਬਾਣੀ ਕਾ ਬੋਹਿਥਾ। ਸਤਿਗੁਰੂ ਸਾਹਿਬ ਜੀ ਨੇ ਮਾਂਝ ਰਾਗ 'ਚ ਬਾਰਹ ਮਾਹਾ ਦੇ ਪਵਿੱਤ੍ਰ ਗੁਰਬਾਣੀ ਜੀ ਉਚਾਰੇ। ਜੋ ਭਾਈ ਸਾਹਿਬ ਭਾਈ ਗੁਰਦਾਸ ਸਾਹਿਬ ਜੀ ਤੋਂ ਆਦਿ ਅੰਗ ਇੱਕ ਸੌ ਤੇਤੀ 'ਤੇ ਲਿਖਵਾਏ। ਹੁਕਮ ਕੀਤਾ ਕਿ ਸੰਗਰਾਂਦ ਵਾਲੇ ਦਿਨ ਕੜਾਹ ਪ੍ਰਸ਼ਾਦ, ਗੁਰੂ ਮਹਾਰਾਜ ਜੀ ਦੀ ਹਜ਼ੂਰੀ 'ਚ ਪਹਿਲਾਂ ਸਜਾ ਕੇ, ਬਾਰਹ ਮਾਹਾ ਜੀ ਦਾ ਸੰਪੂਰਨ ਪਾਠ ਗੁਰਮੁਖਿ ਪਿਆਰੇ ਢਾਡੀ ਸ਼ੁੱਧ ਗੌਣ ਜਾਂ ਦੋ ਗੁਰਮੁਖਿ ਪ੍ਰੇਮੀ ਮਿਲ ਕੇ ਗਾ ਕੇ ਬਾਰਹ ਮਾਹਾ ਜੀ ਦਾ ਸ਼ੁੱਧ ਪਾਠ ਕਰਨ, ਫਿਰ ਮਹੀਨੇ ਦਾ ਪਾਠ ਗਾ ਕੇ ਸਨੌਣ ਜੀ। ਕੋਈ ਗੁਰਮੁਖਿ ਪ੍ਰੇਮੀ ਕਥਾਕਾਰ ਮਹੀਨੇ ਦੀ ਅੰਮ੍ਰਿਤ ਅਮਰ ਕਥਾ ਭੀ ਕਰੇ।

## ਆਦਿ ਅੰਗ ੧੩੩- ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

ਸਤਿਗੁਰੂ ਨਾਨਕਦੇਵ ਸਾਹਿਬ ਜੀ ਦੇ (੫) ਪੰਜਵੇਂ (ਮਹਲਾ) ਸਰੂਪ, ਗੁਰੁ ਅਰਜੁਨੁ ਪੁਰਖੁ ਪ੍ਰਮਾਣੁ; ਪਾਰਥਉ ਚਾਲੈ ਨਹੀ॥ ਸਤਿਗੁਰੂ ਅਰਜਨਦੇਵ ਸਾਹਿਬ ਜੀ ਹੁਣ ਗੁਰੂ ਗਰੰਥ ਜੀ ਮਾਨਿਓ; ਪਰਗਟ ਗੁਰਾਂ ਕੀ ਦੇਹ। ਪਰਮਪੂਜਨੀਕ ਜੁੱਗੋ ਜੁੱਗ ਅਟਲ ਗੁਰਤਾਗੱਦੀ ਬਿਰਾਜਮਾਨ ਸਦਾ ਮਿਹਰਵਾਨ ਸੁੰਦਰ ਭਗਵਾਨ ਸਤਿਗੁਰੂ ਗਰੰਥ ਸਾਹਿਬ ਜੀ ਮਾਂਝ ਰਾਗ 'ਚ (੪) ਚੌਥੇ (ਘਰੁ) ਸੁਰਤਾਲ 'ਚ ਬਾਰਹ ਮਾਹਾ ਗੁਰਬਾਣੀ ਜੀ ਉਚਾਰਦੇ ਹਨ, ਜਿਸ 'ਚ (ਬਾਰਹ) ਬਾਰਾਂ (ਮਾਹਾ) ਮਹੀਨੇ ਜਾਪ ਕਰਕੇ, ਪੂਰੇ ਸਤਿਗੁਰੂ ਸਾਹਿਬ ਜੀ, ਸੱਚੀ ਸਾਧਸੰਗਤ ਜੀ ਦੀ ਸੇਵਾ ਕਰਕੇ, ਸੱਚਾ ਨਾਮ ਜਪਣ ਜਪੌਣ, ਗੁਰਬਾਣੀ ਗੌਣ, ਗੁਰਬਾਣੀ ਨੂੰ ਧਿਔਣ, ਗੁਰਬਾਣੀ ਸੁਨਣ ਸੁਨੌਣ, ਗੁਰਬਾਣੀ ਅਰਥ ਸੁਨਣ ਸੁਨੌਣ, ਕਥਾ ਕੀਰਤਨ ਸਿੱਖਣ ਸਿੱਖੌਣ, ਕਰਨ ਕਰੌਣ ਦਾ ਸ਼ੁਭ ਸੱਚਾ ਨਿਹਾਲ ਹੋਣ ਦਾ ਸੱਚਾ ਗੁਰਮਤਿ ਗੁਰਮੁਖਿ ਉਪਦੇਸ ਹੈ ਜੀ।

## ੧ੴ ਸਤਿਗੁਰ ਪ੍ਰਸਾਦਿ॥

ਪਰਮਪੂਜਨੀਕ (੧ੴ) ਇੱਕ ਪ੍ਰਕਾਸ਼ ਸਰੂਪ, (ਕਲਾਂ) ਸਰਬ ਕਲਾ ਭਰਪੂਰ ਪ੍ਰਭ; ਬਿਰਥਾ ਜਾਨਨਹਾਰ॥ ਨਿਰਗੁਨ ਵਾਹਿਗੁਰੂ ਨਿਰੰਕਾਰ ਜੀ ਦੇ ਸਰਗੁਨ ਸਰੂਪ, ਸਤਿਗੁਰ ਮਹੱਲਾ ਪੰਜਵਾਂ ਪੂਰਨ ਬ੍ਰਹਮ ਜੀ ਨੂੰ ਜ਼ਾਲਮ ਘੋਰ ਭਿਆਨਕ ਜ਼ੁਲਮ ਕਰਕੇ ਉੱਬਲਦੀ ਦੇਗ 'ਚ ਬੈਠਾ ਰਹੇ ਹਨ। ਆਪ ਜੀ ਨੂੰ (ਪ੍ਰਸਾਦਿ) ਕ੍ਰਿਪਾ ਹੀ ਕ੍ਰਿਪਾ ਭਾਵ ਸ੍ਰਬ ਵਿਆਪੀ ਮਹਾਂ ਵਿਸਮਾਦ ਅਗਮ ਅਪਾਰ ਕ੍ਰਿਪਾ ਸਰੂਪ, ੧ੴ ਵਾਹਿਗੁਰੂ ਜੀ, ਅਜਪਾ ਜਾਪ ਕਰਦਿਆਂ ਅੰਦਰ ਬਾਹਰ ਸਾਖਿਆਤ ਹੋ ਰਹੇ ਹਨ। ਯਥਾ: - ਜਲ ਥਲ ਮਾਹੇ; ਆਪਹਿ ਆਪ॥ ਆਪੈ ਜਪਹੁ; ਆਪਨਾ ਜਾਪੁ॥ ) ਜਹ; ਝਿਲਿਮਿਲਿਕਾਰੁ ਦਿਸੰਤਾ॥ ਤਹ; ਅਨਹਦ ਸਬਦ ਬਜੰਤਾ॥

ਗੁਰੂ ਪ੍ਰਮੇਸਰ ਜੀ ਅਪਣੇ ਪਰਮਪੂਜਨੀਕ ਗੁਰਦੇਵ ਜੀ ਦਾ ਆਦਿ 'ਚ, ਵਿਸਮਾਦ ਰੰਗਲਾ ਅਨੰਦੀ ਮੰਗਲ ਜਸ ਕਰਦੇ ਹਨ। ਪਰਮਪੂਜਨੀਕ ਇੱਕ ਅਦ੍ਵੈਤ ਸਰੂਪ ਓਅੰਕਾਰ ਸਰਬ ਪ੍ਰਕਾਸ਼ਕ, ਵਾਹਿਗੁਰੂ ਬ੍ਰਹਮ ਨਿਰਗੁਨ ਨਿਰੰਕਾਰ ਜੀ ਦੇ ਸਰਗੁਨ ਸਰੂਪ ਦਸ ਸਤਿਗੁਰੂ ਸਾਹਿਬਾਨ ਜੀ ਦੀ ਜਾਗਦੀ ਇੱਕ ਜੋਤਿ, ਗੁਰਤਾ ਬਿਰਾਜਮਾਨ (ਸਤਿਗੁਰ) ਧੰਨ ਸ੍ਰੀ ਗੁਰੂ ਗਰੰਥ ਸਾਹਿਬ ਜੀ, (ਪ੍ਰਸਾਦਿ) (ਪ੍ਰ+ਸਾਦਿ) (ਪ੍ਰ) ਪਰੇ ਹਨ,

(ਸਾਦਿ) ਸੁਆਦ ਤੋਂ, ਭਾਵ ਇੰਦ੍ਰਿਆਂ ਦੇ ਸੁਆਦ ਰਹਿਤ, ਨਿਰੇ (ਪ੍ਰਸਾਦਿ) ਅਨੰਦ ਹੀ ਅਨੰਦ ਸਰੂਪ, ਭਾਵ ਗੁਰੂ ਪ੍ਰਮੇਸਰ ਜੀ ਅਗਮ ਅਪਾਰ ਨਿਰੇ ਕ੍ਰਿਪਾ ਹੀ ਕ੍ਰਿਪਾ ਪ੍ਰਕਾਸ਼ ਸਰੂਪ ਹਨ। (ਸਤਿਗੁਰ) ਧੰਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ (ਪ੍ਰਸਾਦਿ) ਕ੍ਰਿਪਾ ਦੁਆਰਾ ਪ੍ਰਾਪਤ ਹੁੰਦੇ ਹਨ।

ਕਿਰਤਿ ਕਰਮ ਕੇ ਵੀਛੁੜੇ; ਕਰਿ ਕਿਰਪਾ ਮੇਲਹੁ ਰਾਮ॥

ਵਾਹਿਗੁਰੂ ਮਹੱਲਾ ਪੰਜਵਾਂ ਸਾਹਿਬ ਜੀ ਆਪ ਨਿਰੰਕਾਰ ਪਾਰਬ੍ਰਹਮ ਜੀ ਕੇ ਗੁਰ ਅਵਤਾਰ ਹੁੰਦਿਆਂ, ਅਪਣੇ ਪਿਆਰੇ ਗੁਰਸਿੱਖਾਂ ਨੂੰ ਗ੍ਰੀਬੀ ਬਖ਼ਸ਼ਣ ਵਾਸਤੇ ਅਪਣੇ ਆਪ ਨੂੰ ਅਤਿਅੰਤ ਗ੍ਰੀਬ ਹੀ ਗ੍ਰੀਬ, ਨੀਚ ਕੀਟ ਕਹਿ ਰਹੇ ਹਨ। ਗ੍ਰੀਬੀ ਦੀ ਹੱਦ ਜਣੌਂਦਿਆਂ, ਸੱਚੇ ਕੰਤ ਸੱਚੇ ਭਗਵੰਤ ਵਾਹਿਗੁਰੂ ਜੀ ਦੇ ਸਨਮੁਖ ਪ੍ਰੇਮ ਬੇਨਤੀ ਅਰਦਾਸ ਕਰਦੇ ਹਨ:- ਬੈਰ ਬਿਰੋਧ; ਕਾਮ ਕ੍ਰੋਧ ਮੋਹ॥ ਝੂਠ ਬਿਕਾਰ; ਮਹਾ ਲੋਭ ਧ੍ਰੋਹ॥ ਇਆਹੂ ਜੁਗਤਿ; ਬਿਹਾਨੇ ਕਈ ਜਨਮ॥ ਨਾਨਕ. ਰਾਖਿ ਲੇਹੁ; ਆਪਨ ਕਰਿ ਕਰਮ॥੭॥ ਅਨੁਸਾਰ ਹੇ ਸੱਚੇ ਕੰਤ ਸੱਚੇ ਭਗਵੰਤ ਰਾਮ ਜੀ! ਔਗੁਣਿਆਰੇ ਨਿਰਗੁਨੀਆਰੇ ਨੀਚ ਅਜਾਣ ਵਿਛੁੜੇ ਦਾਸਨਦਾਸੀ ਅਥਵਾ ਜੀਆਂ ਦੇ ਹੰਗਤਾ ਸਹਿਤ ਕੀਤੇ ਹੋਏ ਨੀਚ ਮੰਦੇ (ਕਰਮ) ਕਰਮਾਂ ਦੀ ਕਿਰਤਿ ਕਰਕੇ ਆਪ ਜੀ (ਕੇ) ਦੇ ਨਾਲੋਂ (ਵੀਛੁੜੇ) ਵਿਛੁੜਿਆਂ ਨੂੰ ਅਪਣੀ ਸ੍ਰਬ ਵਿਆਪੀ ਮਹਾਂ ਵਿਸਮਾਦ ਬਿਅੰਤ ਬਿਅੰਤ ਬਿਅੰਤ ਸੱਚੀ ਕਿਰਪਾ ਹੀ ਕ੍ਰਿਪਾ (ਕਰਿ) ਕਰਕੇ ਅਪਣੇ ਨਾਲ (ਮੇਲਹੁ) ਮਿਲਣਾ ਕਰੋ ਜੀ ਰਾਮ ਜੀ। ਯਥਾ:- ਪਉੜੀ॥ ਮੇਲਿ ਲੈਹੁ ਦਇਆਲ; ਢਹਿ ਪਏ ਦੁਆਰਿਆ॥ ਰਖਿ ਲੇਵਹੁ ਦੀਨ ਦਇਆਲ; ਭ੍ਰਮਤ ਬਹੁ ਹਾਰਿਆ॥ ਭਗਤਿ ਵਛਲੁ. ਤੇਰਾ ਬਿਰਦੁ; ਹਰਿ. ਪਤਿਤ ਉਧਾਰਿਆ॥ ਤੁਝ ਬਿਨੁ. ਨਾਹੀ ਕੋਇ; ਬਿਨਉ ਮੋਹਿ ਸਾਰਿਆ॥ ਕਰੁ ਗਹਿ ਲੇਹੁ ਦਇਆਲ; ਸਾਗਰ ਸੰਸਾਰਿਆ॥੧੬॥) ਕਰਹੁ ਕ੍ਰਿਪਾ ਪ੍ਰਭ; ਕਰਨੈਹਾਰੇ॥ ਮੇਲਿ ਲੇਹੁ; ਨਾਨਕ ਬੇਚਾਰੇ॥੩੮॥) ਕਾਮਿ ਕ੍ਰੋਧਿ ਭਰੇ; ਹਮ ਅਪਰਾਧੀ॥ (ਸਾੱਧੀ) ਕਿਆ ਮੁਹੁ ਲੈ ਬੋਲਹ; ਨਾ ਹਮ ਗੁਣ. ਨ ਸੇਵਾ ਸਾਧੀ॥ ਡੁਬਦੇ ਪਾਥਰ. ਮੇਲਿ ਲੈਹੁ, ਤੁਮ ਆਪੇ; ਸਾਚੁ ਨਾਮੁ ਅਬਿਨਾਸੀ ਹੇ॥੯॥

ਚਾਰਿ ਕੁੰਟ ਦਹ ਦਿਸ ਭ੍ਰਮੇ; ਥਕਿ ਆਏ. ਪ੍ਰਭ ਕੀ ਸਾਮ॥

ਚਾਰਿ (ਕੁੰਟ) ਤਰਫ਼, ਉਤਰ ਦੱਖਣ ਪੂਰਬ ਪੱਛਮ ਉੱਤ੍ਰ ਪੂਰਬ ਵਿਚਾਲੇ ਅਗਨਿ ਕੋਣ, ਪੂਰਬ ਦੱਖਣ ਨੈਰਿਤੀ ਕੋਣ, ਦੱਖਣ ਪੱਛਮ ਵਾਯਵੀ ਕੋਣ, ਪੱਛਮ ਉਤਰ ਈਸਾਨ ਕੋਣ, ਜ਼ਮੀਨ ਤੇ ਅਸਮਾਨ (ਦਹ) ਦਸ (ਦਿਸ) ਦਿਸ਼ਾਂ ਦੇ ਜੂਨਾਂ 'ਚ, ਕਈ ਜਨਮ; ਭਏ ਕੀਟ ਪਤੰਗਾ॥ ਕਈ ਜਨਮ; ਗਜ ਮੀਨ ਕੁਰੰਗਾ॥ ਕਈ ਜਨਮ; ਪੰਖੀ ਸਰਪ ਹੋਇਓ॥ ਕਈ ਜਨਮ; ਹੈਵਰ ਬ੍ਰਿਖ ਜੋਇਓ॥੧॥ ਮਿਲੁ ਜਗਦੀਸ; ਮਿਲਨ ਕੀ ਬਰੀਆ॥ ਚਿਰੰਕਾਲ; ਇਹ ਦੇਹ ਸੰਜਰੀਆ॥੧॥ਰਹਾਉ॥ ਕਈ ਜਨਮ; ਸੈਲ ਗਿਰਿ ਕਰਿਆ॥ ਕਈ ਜਨਮ; ਗਰਭ ਹਿਰਿ ਖਰਿਆ॥ ਕਈ ਜਨਮ; ਸਾਖ ਕਰਿ ਉਪਾਇਆ॥ ਲਖ ਚਉਰਾਸੀਹ; ਜੋਨਿ ਭ੍ਰਮਾਇਆ॥੨॥) ਸੂਕਰ ਕੂਕਰ ਜੋਨਿ ਭ੍ਰਮੇ; ਤਊ ਲਾਜ. ਨ ਆਈ॥ ਅਨੁਸਾਰ ਪੱਥਰ ਪਸ਼ੂ ਪੰਛੀ ਕੀੜੇ ਕ੍ਰਿਮ ਸੱਪ ਆਦਿ ਜੂਨਾਂ 'ਚ (ਭ੍ਰਮੇ) ਭਰਮ ਕੇ, ਹੇ (ਪ੍ਰਭ) ਸਮਰੱਥ ਕੰਤ ਭਗਵੰਤ ਵਾਹਿਗੁਰੂ ਜੀ!

ਦਾਸਨਦਾਸੀ ਥਕਿ ਕੇ ਸਤਸੰਗਤ ਜੀ ਸਮੇਤ ਆਪ ਜੀ (ਕੀ) ਦੀ ਸੱਚੀ (ਸਾਮ) ਸਰਣ 'ਚ ਆਏ ਹਾਂ ਜੀ। ਯਥਾ:- ਕਬਹੂ ਕੀਟ ਹਸਤਿ; ਪਤੰਗ ਹੋਇ ਜੀਆ॥ ਅਨਿਕ ਜੋਨਿ; ਭਰਮੈ ਭਰਮੀਆ॥

ਧੇਨੁ. ਦੁਧੈ ਤੇ ਬਾਹਰੀ; ਕਿਤੈ. ਨ ਆਵੈ ਕਾਮ॥

ਜਿਵੇਂ (ਧੇਨੁ) ਗਊ (ਦੁਧੈ) ਦੁੱਧ (ਤੇ) ਤੋਂ (ਬਾਹਰੀ) ਬਿਨਾ (ਕਿਤੈ) ਕਿਸੇ (ਕਾਮ) ਕੰਮ (ਨ) ਨਹੀਂ (ਆਵੈ) ਔਂਦੀ। ਇਉਂ ਦਾਸਨਦਾਸੀ ਨਾਮ, ਪ੍ਰੇਮ, ਗੁਰਮੁਖਿ ਗੁਣਾਂ ਤੋਂ ਬਿਨਾ ਕਿਸੇ ਕੰਮ ਔਣ ਵਾਲੀ ਨਹੀਂ ਹੈ ਜੀ।

ਜਲ ਬਿਨੁ ਸਾਖ ਕੁਮਲਾਵਤੀ; ਉਪਜਹਿ ਨਾਹੀ ਦਾਮ॥

ਜਿਵੇਂ ਜਲ (ਬਿਨੁ) ਬਿਨਾ (ਸਾਖ) ਖੇਤੀ (ਕੁਮਲਾਵਤੀ) ਕੁਮਲਾ ਜਾਂਦੀ ਹੈ। ਜਿਸ ਕਰਕੇ ਕੋਈ (ਦਾਮ) ਧਨ (ਉਪਜਹਿ) ਪੈਦਾ (ਨਾਹੀ) ਨਹੀਂ ਹੁੰਦਾ। ਤਿਵੇਂ ਵਾਹਿਗੁਰੂ ਜੀ ਦੇ ਪ੍ਰੇਮ ਰੂਪੀ ਜਲ ਤੋਂ ਬਿਨਾ ਨਾਮ ਧਨ ਪ੍ਰਾਪਤ ਨਹੀਂ ਹੁੰਦਾ। ਹੇ ਸੱਚੇ ਮਿਹਰਵਾਨ ਭਗਵਾਨ ਸੱਚੇ ਕੰਤ ਵਾਹਿਗੁਰੂ ਜੀ! ਆਪ ਜੀ ਕ੍ਰਿਪਾ ਕਰਕੇ ਸਾਚ ਨਾਮ ਕੀ. ਅੰਮ੍ਰਿਤ ਵਰਖਾ॥੩॥ ਕਰੋ ਜੀ!

ਕਤ: ਪੋਲਾ ਬੋਲੋ- ਹਰਿ ਨਾਹ. ਨ ਮਿਲੀਐ ਸਾਜਨੈ; ਕਤ. ਪਾਈਐ ਬਿਸਰਾਮ॥

ਜੇਕਰ ਸੁੰਦਰ (ਸਾਜਨੈ) ਮਿੱਤ੍ਰ, ਸੱਚੇ ਕੰਤ ਭਗਵੰਤ (ਨਾਹ) ਪਤੀ (ਹਰਿ) ਵਾਹਿਗੁਰੂ ਪਰਮੇਸਰ ਜੀ ਨਾਲ (ਨ) ਨਾ (ਮਿਲੀਐ) ਮਿਲੀਏ। ਤਾਂ (ਕਤ) ਕਿਥੇ (ਕਤ) ਕਿਵੇਂ (ਬਿਸਰਾਮ) ਟਿਕਾਅ (ਪਾਈਐ) ਪਾਈਏ? ਭਾਵ ਟਿਕਾਅ ਨਹੀਂ ਪਾਈਦਾ ਜੀ।

ਭੱਠਿ। ਨੱਗਰ- ਜਿਤੁ ਘਰਿ. ਹਰਿ ਕੰਤੁ, ਨ ਪ੍ਰਗਟਈ; ਭਠਿ ਨਗਰ ਸੇ ਗ੍ਰਾਮ॥

(ਜਿਤੁ) ਜਿਸ ਦੇ ਘਰਿ ਅਥਵਾ (ਘਰਿ) ਰਿਦੇ 'ਚ ਸੁੰਦਰ (ਕੰਤੁ) ਪਤੀ (ਹਰਿ) ਵਾਹਿਗੁਰੂ ਜੀ (ਪ੍ਰਗਟਈ) ਪ੍ਰਗਟ (ਨ) ਨਹੀਂ ਹੁੰਦੇ, (ਸੇ) ਉਹ ਨਗਰ (ਗ੍ਰਾਮ) ਪਿੰਡ ਅਥਵਾ ਸ੍ਰੀਰ ਰੂਪੀ ਨਗਰ (ਗ੍ਰਾਮ) ਪਿੰਡ, ਤ੍ਰਿਸਨਾ ਵਿਕਾਰਾਂ ਔਗੁਣਾਂ ਦੀ ਅੱਗ ਨਾਲ ਭਠਿ ਦੀ ਤਰ੍ਹਾਂ ਤਪਦੇ ਹਨ। ਯਥਾ:- ਕਾਇਆ ਆਰਣੁ. ਮਨੁ ਵਿਚਿ ਲੋਹਾ; ਪੰਚ ਅਗਨਿ ਤਿਤੁ ਲਾਗਿ ਰਹੀ॥ ਕੋਇਲੇ ਪਾਪ ਪੜੇ. ਤਿਸੁ ਊਪਰਿ; ਮਨੁ ਜਲਿਆ, ਸੰਨ੍ਹੀ ਚਿੰਤ ਭਈ॥੩॥) ਕਬੀਰ. ਜਹ ਜਹ ਹਉ ਫਿਰਿਓ; ਕਉਤਕ ਠਾਓ ਠਾਇ॥ ਇਕ ਰਾਮ ਸਨੇਹੀ ਬਾਹਰਾ; ਊਜਰੁ ਮੇਰੈ ਭਾਂਇ॥੧੪॥

ਸ੍ਰਬ ਸੀਗਾਰ ਤੰਬੋਲ ਰਸ; ਸਣੁ ਦੇਹੀ ਸਭ ਖਾਮ॥

ਸੱਚੇ ਪਤੀ ਵਾਹਿਗੁਰੂ ਜੀ ਦੀ ਪ੍ਰਾਪਤੀ ਤੋਂ ਬਿਨਾ, ਉਸ ਜੀਵ ਰੂਪ ਇਸਤ੍ਰੀ ਦੇ (ਸ੍ਰਬ) ਸਾਰੇ (ਸੀਗਾਰ) ਸ਼ਿੰਗਾਰ, (ਤੰਬੋਲ) ਪਾਨਾ ਦਾ ਬੀੜਾ ਚੱਬਣਾ, ਛੱਤੀ ਪ੍ਰਕਾਰ ਦੇ ਰਸ, (ਸਣੁ) ਸਣੇ ਦੇਹੀ ਸਭ (ਖਾਮ) ਕੱਚੇ ਹਨ। ਯਥਾ:- ਬਿਨੁ ਪਿਰ. ਧਨ ਸੀਗਾਰੀਐ; ਜੋਬਨੁ ਬਾਦਿ ਖੁਆਰੁ॥

ਪ੍ਰਭ ਸੁਆਮੀ ਕੰਤ ਵਿਹੂਣੀਆ; ਮੀਤ ਸਜਣ ਸਭਿ ਜਾਮ॥

(ਸੁਆਮੀ) ਮਾਲਕ (ਕੰਤ) ਪਤੀ (ਪ੍ਰਭ) ਸਮਰੱਥ ਵਾਹਿਗੁਰੂ ਜੀ (ਵਿਹੂਣੀਆ) ਬਿਨਾ, ਉਸ ਦੇ (ਸਭਿ) ਸਾਰੇ (ਮੀਤ) ਮਿੱਤ੍ਰ ਸਜਣ (ਜਾਮ) ਜਮ ਰੂਪ ਹਨ।

ਨਾਨਕ ਕੀ ਬੇਨੰਤੀਆ; ਕਰਿ ਕਿਰਪਾ ਦੀਜੈ ਨਾਮੁ॥

(ਨਾਨਕ) ਪਰਮਪੂਜਨੀਕ ਸਤਿਗੁਰੂ ਅਰਜਨਦੇਵ ਸਾਹਿਬ ਜੀ, ਸਤਿਗੁਰੂ ਗਰੰਥ ਸਾਹਿਬ ਜੀ ਫ਼ੁਰਮੌਂਦੇ ਹਨ:- ਹੇ ਵਾਹਿਗੁਰੂ ਜੀ! ਦਾਸਨਦਾਸ (ਕੀ) ਦੀ ਆਪ ਜੀ ਦੇ ਪਵਿੱਤ੍ਰ ਚਰਨਕਮਲਾਂ 'ਚ ਪ੍ਰੇਮ (ਬੇਨੰਤੀਆ) ਬੇਨਤੀ ਹੈ। ਅਪਨੀ ਮਹਾਂ ਵਿਸਮਾਦ ਅਥਾਹ ਕਿਰਪਾ (ਕਰਿ) ਕਰਕੇ, ਅਪਣਾ ਅੰਮ੍ਰਿਤ ਨਾਮੁ (ਦੀਜੈ) ਬਖ਼ਸ਼ੋ ਜੀ। ਯਥਾ:- ਨਾਨਕ ਕੀ; ਅਰਦਾਸਿ ਸੁਣੀਜੈ॥ ਕੇਵਲ ਨਾਮੁ; ਰਿਦੇ ਮਹਿ ਦੀਜੈ॥੪॥੨੬॥੭੭॥

ਹਰਿ ਮੇਲਹੁ ਸੁਆਮੀ ਸੰਗਿ ਪ੍ਰਭ; ਜਿਸ ਕਾ ਨਿਹਚਲ ਧਾਮ॥੧॥

ਹੇ (ਹਰਿ) ਹਰੀ ਸਰੂਪ ਸਤਿਗੁਰੂ ਸਾਹਿਬ ਜੀ! (ਸੁਆਮੀ) ਮਾਲਕ (ਪ੍ਰਭ) ਸਮਰੱਥ ਵਾਹਿਗੁਰੂ ਜੀ (ਸੰਗਿ) ਨਾਲ ਕ੍ਰਿਪਾ ਕਰਕੇ (ਮੇਲਹੁ) ਮੇਲਣਾ ਕਰੋ ਜੀ। (ਜਿਸ) ਜਿਨ੍ਹਾਂ (ਕਾ) ਦਾ ਨਿਰਗੁਨ ਨਿਰੰਕਾਰ ਪ੍ਰਕਾਸ਼ ਸਰੂਪ (ਧਾਮ) ਘਰ, ਅਥਵਾ ਸੱਚਖੰਡ ਅਥਵਾ ਸਾਧਸੰਗਤ ਰੂਪ (ਧਾਮ) ਘਰ (ਨਿਹਚਲ) ਅਚੱਲ ਹੈ॥੧॥ ਯਥਾ:- ਅਚਲ ਮੂਰਤਿ. ਅਨਭਉ ਪ੍ਰਕਾਸ; ਅਮਿਤੋਜ ਕਹਿੱਜੈ॥

ਚੇਤਿ ਗੋਵਿੰਦੁ ਅਰਾਧੀਐ; ਹੋਵੈ ਅਨੰਦੁ ਘਣਾ॥

ਚੇਤਿ ਦੇ ਮਹੀਨੇ ਦੁਆਰਾ ਸ਼ੁਭ ਸੱਚਾ ਗੁਰਮਤਿ ਉਪਦੇਸ਼ ਬਖ਼ਸ਼ਦੇ ਹਨ:- (ਗੋਵਿੰਦੁ) ਅਕਾਲਪੁਰਖੁ ਵਾਹਿਗੁਰੂ ਸਰਬ ਪ੍ਰਕਾਸ਼ਕ, ਸਰਬ ਵਿਆਪਕ ਵਿਸਮਾਦ ਅਜਪਾ ਜਾਪ ਸਰੂਪ ਸੱਚੇ ਬ੍ਰਹਮ ਜੀ ਨੂੰ ਇੱਕ ਮਨ ਹੋ ਕੇ ਭਾਵਨਾ ਨਾਲ ਬਾਰ ਬਾਰ (ਅਰਾਧੀਐ) ਜਪੀਏ ਧਿਆਈਏ ਗਾਈਏ, ਨਮਸਕਾਰਾਂ ਕਰੀਏ। ਜਿਸ ਕਰਕੇ (ਘਣਾ) ਬਹੁਤਾ ਸ੍ਰਬ ਵਿਆਪੀ ਮਹਾਂ ਵਿਸਮਾਦ ਅਨੰਦੁ (ਹੋਵੈ) ਹੋਵੇਗਾ। ਯਥਾ:- ਨਾਮੁ ਧਿਆਇ; ਮਹਾ ਸੁਖੁ ਪਾਇਆ॥ ਹਰਿ ਗੁਣ ਗਾਇ; ਮੇਰਾ ਮਨੁ ਸੀਤਲਾਇਆ॥) ਅਨਦੋ ਅਨਦੁ ਘਣਾ; ਮੈ. ਸੋ ਪ੍ਰਭੁ ਡੀਠਾ ਰਾਮ॥ ਜਿਵੇਂ ਗੁਰਮੁਖਿ ਭਾਈ ਲਾਲੋ ਸਾਹਿਬ ਜੀ ਨੇ ਏਮਨਾਬਾਦ ਵਿਖੇ ਪੂਰਨ ਪ੍ਰੀਤ ਪ੍ਰਤੀਤ ਨਾਲ, ਰੋਮ ਰੋਮ ਕਰਕੇ ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥ ਜੀ ਨੂੰ ਅਰਾਧਿਆ। ਤਾਂ ਮੇਰਾ ਅੰਤਰਜਾਮੀ ਹਰਿ ਰਾਇਆ॥ ਸਤਿਗੁਰੂ ਨਾਨਕਦੇਵ ਸਾਹਿਬ ਜੀ, ਸ੍ਰੀ ਸੁਲਤਾਨਪੁਰ ਸਾਹਿਬ ਜੀ ਤੋਂ, ਸਤਾਰਾਂ ਦਿਨਾਂ 'ਚ ਤੁਰ ਕੇ, ਭੁੱਖੇ ਤਿਹਾਏ ਉਨੀਂਦ੍ਰੇ ਏਮਨਾਬਾਦ ਪਹੁੰਚੇ। ਗੁਰਮਖਿ ਭਾਈ ਲਾਲੋ ਜੀ ਨੂੰ ਸ਼ੁਭ ਸੱਚੇ ਨੂਰੋ ਨੂਰ ਦਰਸਨ ਬਖ਼ਸ਼ ਕੇ, ਨਾਨਕ ਨਦਰੀ; ਨਦਰਿ ਨਿਹਾਲ॥੩੮॥ ਅਨੁਸਾਰ ਨਦਰ ਪਾ ਕੇ ਨਿਹਾਲ ਕੀਤੇ, ਗੁਰਮੁਖਿ ਸੰਤ ਬਣਾ ਦਿਤੇ ਜੀ ਰਾਮ ਜੀ!

ਸੰਤ ਜਨਾ ਮਿਲਿ ਪਾਈਐ; ਰਸਨਾ ਨਾਮੁ ਭਣਾ॥

(ਸੰਤ) ਦਸ ਸਤਿਗੁਰੂ ਸਾਹਿਬਾਨ ਜੀ ਅਤੇ (ਜਨਾ) ਪਿਆਰੇ ਸ਼ਾਂਤ ਆਤਮਾ ਸੰਤਾਂ ਮਹਾਂਪੁਰਸ਼ਾਂ ਜੀ ਅਤੇ ਸਾਧੂਆਂ ਦੀ ਸੰਗਤ ਨਾਲ ਮਿਲਿ ਕੇ ਦਰਸਨ ਕਰਕੇ, ਰੋਮ ਰੋਮ ਦੀ ਰਸਨਾ ਨਾਲ (ਨਾਮੁ) ਵਾਹਿਗੁਰੂ

ਵਾਹਿਗੁਰੂ ਸੁਆਸ ਸੁਆਸ (ਭਣਾ) ਉਚਾਰਨਾ (ਪਾਈਐ) ਪਾਈਦਾ ਹੈ (ਪਾਈਐ) ਪੌਣਾ ਕਰੀਏ। ਯਥਾ:- ਆਵੈ ਸਾਹਿਬੁ ਚਿਤਿ; ਤੇਰਿਆ ਭਗਤਾ ਡਿਠਿਆ॥) ਕਬੀਰ. ਸੇਵਾ ਕਉ ਦੁਇ ਭਲੇ; ਏਕੁ ਸੰਤੁ. ਇਕੁ ਰਾਮੁ॥ ਰਾਮੁ ਜੁ ਦਾਤਾ ਮੁਕਤਿ ਕੋ; ਸੰਤੁ ਜਪਾਵੈ ਨਾਮੁ॥੧੬੪॥) ਜਿਨਿ ਕਿਨੈ ਪਾਇਆ ਸਾਧਸੰਗਤੀ; ਪੂਰੈ ਭਾਗਿ ਬੈਰਾਗਿ॥

ਜਿਨਿ ਪਾਇਆ ਪ੍ਰਭੁ ਆਪਣਾ; ਆਏ ਤਿਸਹਿ ਗਣਾ॥

(ਜਿਨਿ) ਜਿਨ੍ਹਾਂ ਨਾਮ ਰਸੀਏ ਗੁਰਮੁਖਾਂ ਨੇ (ਆਪਣਾ) ਅਪਣੇ ਸਮਰੱਥ ਕੰਤ ਭਗਵੰਤ (ਪ੍ਰਭੁ) ਸੱਚੇ ਵਾਹਿਗੁਰੂ ਜੀ (ਪਾਇਆ) ਪਾਏ ਹਨ। ਜਿਵੇਂ ਭਾਈ ਸਾਹਿਬ ਭਾਈ ਮੰਝ ਜੀ ਨੇ ਸਤਿਗੁਰੂ ਸਾਹਿਬ ਜੀ ਨਾਲ ਏਕਤਾ ਅਭੇਦਤਾ ਪ੍ਰਾਪਤ ਕੀਤੀ। (ਤਿਸਹਿ) ਉਨ੍ਹਾਂ ਦਾ ਸੰਸਾਰ ’ਤੇ (ਆਏ) ਆਇਆ ਸਫਲਾ (ਗਣਾ) ਗਿਣੀਦਾ ਹੈ। ਯਥਾ:- ਆਇਆ ਸਫਲ; ਤਾਹੂ ਕੋ ਗਨੀਐ॥ ਜਾਸੁ ਰਸਨ; ਹਰਿ ਹਰਿ ਜਸੁ ਭਨੀਐ॥ ਤਥਾ:- ਗੁਰਮੁਖਿ ਸਫਲ ਜਨੰਮੁ; ਜਗ ਵਿਚਿ ਆਇਆ।) ਜਨੁ ਨਾਨਕੁ. ਧੂੜਿ ਮੰਗੈ ਤਿਸੁ ਗੁਰਸਿਖ ਕੀ; ਜੋ ਆਪਿ ਜਪੈ. ਅਵਰਹ ਨਾਮੁ ਜਪਾਵੈ॥੨॥) ਧੰਨੁ ਧੰਨੁ; ਧੰਨੁ ਜਨੁ ਆਇਆ॥ ਜਿਸੁ ਪ੍ਰਸਾਦਿ; ਸਭੁ ਜਗਤੁ ਤਰਾਇਆ॥ ਜਨ ਆਵਨ ਕਾ; ਇਹੈ ਸੁਆਉ॥ ਜਨ ਕੈ ਸੰਗਿ; ਚਿਤਿ ਆਵੈ ਨਾਉ॥ ਆਪਿ ਮੁਕਤੁ; ਮੁਕਤੁ ਕਰੈ ਸੰਸਾਰੁ॥ ਨਾਨਕ. ਤਿਸੁ ਜਨ ਕਉ; ਸਦਾ ਨਮਸਕਾਰੁ॥੮॥੨੩॥

ਇਕੁ ਖਿਨੁ ਤਿਸੁ ਬਿਨੁ ਜੀਵਣਾ; ਬਿਰਥਾ ਜਨਮੁ ਜਣਾ॥

ਇਕੁ ਖਿਨੁ ਭੀ ਤਿਸੁ ਅਕਾਲਪੁਰਖੁ ਵਾਹਿਗੁਰੂ ਜੀ ਤੋਂ (ਬਿਨੁ) ਬਿਨਾ, ਜੋ ਵਿਛੋੜੇ ’ਚ (ਜੀਵਣਾ) ਜਿਉਣਾ ਹੈ, ਉਹ ਸਾਰਾ ਜਨਮੁ, ਸੰਸਾਰ ’ਤੇ (ਜਣਾ) ਪੈਦਾ ਹੋਣਾ (ਬਿਰਥਾ) ਬਿਅਰਥ ਹੈ। ਯਥਾ:- ਪ੍ਰਭ ਬਿਸਰਤ. ਸੁਖੁ ਕਦੇ ਨਾਹਿ; ਜਾਸਹਿ ਜਨਮੁ ਹਾਰਿ॥੨॥) ਹਰਿ ਬਿਸਰਤ; ਸੋ ਮੂਆ॥੧॥ਰਹਾਉ॥ ਤਥਾ:- ਆਖਾ ਜੀਵਾ; ਵਿਸਰੈ ਮਰਿ ਜਾਉ॥) ਮਰਣੰ. ਬਿਸਰਣੰ ਗੋਬਿੰਦਹ॥ ਜੀਵਣੰ. ਹਰਿ ਨਾਮ ਧ੍ਯਾਵਣਹ॥

ਜਲਿ ਥਲਿ ਮਹੀਅਲਿ ਪੂਰਿਆ; ਰਵਿਆ ਵਿਚਿ ਵਣਾ॥

ਜਲਿ (ਥਲਿ) ਮਾਰੂਥਲ (ਮਹੀ+ਅਲਿ) (ਮਹੀ) ਧਰਤੀ (ਅਲਿ) ਅਕਾਸ ’ਚ ਅਕਾਲਪੁਰਖੁ ਵਾਹਿਗੁਰੂ ਜੀ (ਪੂਰਿਆ) ਪੂਰਨ ਵਿਆਪਕ ਹੋ ਰਹੇ ਹਨ। (ਵਣਾ) ਜੰਗਲਾਂ ਵਿਚਿ ਭੀ (ਰਵਿਆ) ਵਿਆਪਕ ਹਨ। ਯਥਾ:- ਜਲ ਥਲ ਮਾਹੇ; ਆਪਹਿ ਆਪ॥ ਆਪੈ ਜਪਹੁ; ਆਪਨਾ ਜਾਪੁ॥੫॥) ਜਲਿ ਥਲਿ ਮਹੀਅਲਿ ਪੂਰਿਆ; ਸੁਆਮੀ ਸਿਰਜਨਹਾਰੁ॥ ਅਨਿਕ ਭਾਂਤਿ ਹੋਇ ਪਸਰਿਆ; ਨਾਨਕ. ਏਕੰਕਾਰੁ॥੧॥

ਸੋ ਪ੍ਰਭੁ. ਚਿਤਿ ਨ ਆਵਈ; ਕਿਤੜਾ ਦੁਖੁ ਗਣਾ॥

ਸੋ ਵਿਆਪਕ ਸੁੰਦਰ (ਪ੍ਰਭੁ) ਸਮਰੱਥ ਵਾਹਿਗੁਰੂ ਜੀ (ਚਿਤਿ) ਚੇਤੇ (ਨ) ਨਹੀਂ (ਆਵਈ) ਔਂਦੇ। ਤਾਂ (ਕਿਤੜਾ) ਕਿੰਨਾ ਮਹਾਂ ਦੁਖੁ (ਗਣਾ) ਗਿਨਣਾ ਕਰਾਂ? ਭਾਵ ਗਿਣਿਆ ਨਹੀਂ ਜਾਂਦਾ। ਯਥਾ:- ਹਰਿ ਬਿਸਰਤ;

ਤੇ ਦੁਖਿ ਦੁਖਿ ਮਰਤੇ॥ ਅਨਿਕ ਬਾਰ ਭ੍ਰਮਹਿ ਬਹੁ ਜੋਨੀ; ਟੇਕ. ਨ ਕਾਹੂ ਧਰਤੇ॥੧॥ਰਹਾਉ॥) ਸਭੇ ਦੁਖ ਸੰਤਾਪ; ਜਾਂ ਤੁਧਹੁ ਭੁਲੀਐ॥

ਜਿਨੀ ਰਾਵਿਆ ਸੋ ਪ੍ਰਭੂ; ਤਿੰਨਾ ਭਾਗੁ ਮਣਾ॥

(ਜਿਨੀ) ਜਿਨ੍ਹਾਂ ਗੁਰਮੁਖਿ ਸਖੀਆਂ ਨੇ (ਸੋ) ਉਹ ਜਲ ਥਲ ਦਸੋ ਦਿਸਾਂ 'ਚ ਵਿਆਪਕ ਸੁੰਦਰ ਸੱਚੇ ਕੰਤ ਭਗਵੰਤ (ਪ੍ਰਭੂ) ਸਮਰੱਥ ਵਾਹਿਗੁਰੂ ਜੀ ਨਾਲ ਏਕਤਾ ਅਭੇਦਤਾ ਦਾ ਰੰਗ (ਰਾਵਿਆ) ਮਾਣਿਆ ਅਥਵਾ ਪ੍ਰਭੂ ਵਾਹਿਗੁਰੂ ਜੀ ਦਾ ਸੱਚਾ ਸੁੱਚਾ ਉੱਚਾ ਜਸ (ਰਾਵਿਆ) ਉਚਾਰਿਆ। ਤਿੰਨਾ ਖਰੇ ਪਿਆਰੇ ਖਰੇ ਸੱਚਿਆਰੇ ਸੱਚੇ ਨਾਮ ਜੀ ਨੂੰ ਜਪਣ ਸਨੌਣ ਵਾਲੇ ਮਹਾਂਪੁਰਖਾਂ ਦੇ (ਮਣਾ) ਬਹੁਤੇ ਭਾਗੁ ਹਨ ਜੀ ਰਾਮ ਜੀ।

ਹਰਿ ਦਰਸਨ ਕੰਉ ਮਨੁ ਲੋਚਦਾ; ਨਾਨਕ ਪਿਆਸ ਮਨਾ॥

(ਨਾਨਕ) ਪਰਮਪੂਜਨੀਕ ਸਤਿਗੁਰੂ ਅਰਜਨਦੇਵ ਸਾਹਿਬ ਜੀ, ਸਤਿਗੁਰੂ ਗਰੰਥ ਸਾਹਿਬ ਜੀ ਫ਼ੁਰਮੌਂਦੇ ਹਨ:- ਦਾਸਨਦਾਸ ਦਾ ਮਨੁ ਸਭ ਨੂੰ (ਹਰਿ) ਹਰਾ ਭਰਾ ਕਰਨ ਵਾਲੇ (ਹਰਿ) ਵਾਹਿਗੁਰੂ ਸਤਿਗੁਰੂ ਰਾਮਦਾਸ ਸਾਹਿਬ ਜੀ ਦੇ ਸੁੰਦਰ ਮਨਮੋਹਨ (ਦਰਸਨ) ਦਰਸਨਾਂ (ਕੰਉ) ਨੂੰ (ਲੋਚਦਾ) ਚਾਹੁੰਦਾ ਹੈ। (ਮਨਾ) ਮਨ 'ਚ ਅਤਿਅੰਤ ਤੀਬਰ ਦਰਸਨਾਂ ਦੀ ਪਿਆਸ ਲੱਗੀ ਹੈ। ਜਿਵੇਂ ਜਦੋਂ ਸਤਿਗੁਰੂ ਸਾਹਿਬ ਜੀ ਧੰਨ ਗੁਰੂ ਰਾਮਦਾਸ ਸਾਹਿਬ ਜੀ ਦਾ ਹੁਕਮ ਮੰਨ ਕੇ ਲਾਹੌਰ ਗਏ, ਹੁਕਮ ਸੀ "ਹੇ ਗੁਰਮੁਖਿ ਪਿਆਰੇ ਗੁਰਮੁਖਿ ਬੱਚੇ! ਜਦੋਂ ਦਾਸਨਦਾਸ ਬੁਲਾਵੇ, ਤਦੋਂ ਔਣਾ"। ਇਸ ਲਈ ਵਾਪਿਸ ਨਹੀਂ ਆ ਸਕਦੇ, ਹੁਕਮ ਮੰਨ ਰਹੇ ਹਨ, ਪਰ ਪ੍ਰੇਮ ਵੈਰਾਗ 'ਚ ਉਡੀਕ ਰਹੇ ਹਨ। ਯਥਾ:- ਉਡੀਨੀ ਉਡੀਨੀ ਉਡੀਨੀ॥ ਕਬ ਘਰਿ ਆਵੈ ਰੀ॥ ਮਹਾਰਾਜ ਸਾਹਿਬ ਜੀ ਦਰਸਨ ਬਿਨਾ ਰਹਿ ਨਹੀਂ ਸਕਦੇ। ਯਥਾ:- ਹਉ. ਰਹਿ ਨ ਸਕਾ. ਬਿਨੁ ਦੇਖੇ ਪ੍ਰੀਤਮਾ; ਮੈ. ਨੀਰੁ ਵਹੇ ਵਹਿ. ਚਲੈ ਜੀਉ॥ ਮਹਾਰਾਜ ਸਾਹਿਬ ਜੀ ਹਰ ਵੇਲੇ ਉਡੀਕ ਕਰਦੇ, ਕਦੋਂ ਕੋਈ ਚਿੱਠੀ ਆਵੇ, ਸਤਿਗੁਰੂ ਸਾਹਿਬ ਦੇ ਦਰਸਨ ਕਰਾਂ, ਪਰ ਸਤਿਗੁਰੂ ਜੀ ਕਰੜੀ ਪਰਖ ਕਰ ਰਹੇ ਹਨ। ਧੰਨ ਗੁਰੂ ਅਰਜਨਦੇਵ ਜੀ ਨੇ ਪਹਿਲੀ ਚਿੱਠੀ ਲਿਖੀ:- ਮਾਝ ਮਹਲਾ ੫ ਚਉਪਦੇ ਘਰੁ ੧॥ ਮੇਰਾ ਮਨੁ ਲੋਚੈ; ਗੁਰ ਦਰਸਨ ਤਾਈ॥ ਬਿਲਪ ਕਰੇ; ਚਾਤ੍ਰਿਕ ਕੀ ਨਿਆਈ॥ ਤ੍ਰਿਖਾ. ਨ ਉਤਰੈ, ਸਾਂਤਿ ਨ ਆਵੈ; ਬਿਨੁ ਦਰਸਨ. ਸੰਤ ਪਿਆਰੇ ਜੀਉ॥੧॥ ਹਉ ਘੋਲੀ. ਜੀਉ ਘੋਲਿ ਘੁਮਾਈ; ਗੁਰ ਦਰਸਨ ਸੰਤ ਪਿਆਰੇ ਜੀਉ॥੧॥ਰਹਾਉ॥ ਯਥਾ:- ਦਰ ਮਾਦੇ; ਠਾਢੇ ਦਰਬਾਰਿ॥ ਤੁਝ ਬਿਨੁ. ਸੁਰਤਿ ਕਰੈ ਕੋ ਮੇਰੀ; ਦਰਸਨੁ ਦੀਜੈ. ਖੋਲ੍ਹਿ ਕਿਵਾਰ॥੧॥ ਰਹਾਉ॥) ਹਉ ਖੜੀ ਨਿਹਾਲੀ ਪੰਧੁ; ਮਤੁ. ਮੂੰ ਸਜਣੁ ਆਵਏ॥ ਕੋ ਆਣਿ ਮਿਲਾਵੈ ਅਜੁ; ਮੈ. ਪਿਰੁ ਮੇਲਿ ਮਿਲਾਵਏ॥) ਕਿਉ ਬਿਸਰੈ. ਇਹੁ ਲਾਲੁ ਪਿਆਰੋ; ਸਰਬ ਗੁਣਾ ਸੁਖਦਾਇਓ॥ ਮੰਦਰਿ ਚਰਿ ਕੈ. ਪੰਥੁ ਨਿਹਾਰਉ; ਨੈਨ. ਨੀਰਿ ਭਰਿ ਆਇਓ॥੨॥

ਪਾਂਇ- ਚੇਤਿ ਮਿਲਾਏ ਸੋ ਪ੍ਰਭੂ; ਤਿਸ ਕੈ ਪਾਇ ਲਗਾ॥੨॥

ਸਤਿਗੁਰੂ ਪ੍ਰਭੂ ਪੰਜਵੇਂ ਪਾਤਿਸਾਹ ਜੀ, ਸਤਿਗੁਰੂ ਗਰੰਥ ਸਾਹਿਬ ਜੀ ਨਿੰਮ੍ਰਤਾ ਸਹਿਤ ਚੇਤਿ ਦੇ ਮਹੀਨੇ ਦੁਆਰਾ ਫ਼ੁਰਮੌਂਦੇ ਹਨ:- ਹੇ ਭਾਈ! ਜਿਹੜੇ ਗੁਰਮੁਖਿ, ਦਾਸਨਦਾਸ ਨੂੰ (ਸੋ) ਉਹ ਪ੍ਰਭੂ ਜੀ, ਨਾਲ (ਮਿਲਾਏ) ਮਿਲੌਂਦੇ ਹਨ, ਜੋ ਜਲ ਥਲ, ਮਹੀਅਲ 'ਚ ਪੂਰਨ ਹਨ, ਦਾਸਨਦਾਸ ਤਿਸ (ਕੈ) ਦੇ ਸੱਚੇ (ਪਾਇ) ਚਰਨੀ (ਲਗਾ) ਲੱਗਦਾ ਹੈ॥੨॥

ਗੁਰਪ੍ਰਸਾਦਿ ਇਤਿ ਸ੍ਰੀ ਵਿਸਮਾਦ ਚੇਤ ਮਹੀਨੇ ਅਰਥ ਸੰਪੂਰਨੰ।

ਖ਼ੁਸ਼ੀਆਂ ਦੇ ਜੈਕਾਰੇ ਗਜਾਵੇ ਨਿਹਾਲ ਹੋ ਜਾਵੇ ਪਤੀ ਵਾਹਿਗੁਰੂ ਜੀ ਦੇ ਚਰਨਕਮਲਾਂ ਨੂੰ ਭਾਵੇ! ਸਤਿ ਸ੍ਰੀ ਅਕਾਲ॥ ਗੁਰ ਬਰ ਅਕਾਲ, ਚਿਟਿਆਂ ਬਾਜਾਂ ਵਾਲਿਓ ਸਤਿਗੁਰੋ ਰੱਖਲਿਓ ਬਿਰਦ ਬਾਣੇ ਦੀ ਲਾਜ, ਹਠੀਓ ਜਪੀਓ ਤਪੀਓ, ਸ਼ਹੀਦੋ ਸਿੰਘੋ ਸਰਬੱਤ ਗੁਰੂ ਖ਼ਾਲਸਾ ਸਿੰਘ ਸਾਹਿਬ ਜੀ ਕੋ ਸਤਿ ਸ੍ਰੀ ਅਕਾਲ, ਲਾਡਲੀਆਂ ਫ਼ੌਜਾਂ ਦੇ ਮਾਲਕੋ ਸਤਿਗੁਰੋ ਫ਼ੌਜਾਂ ਰੱਖਣੀਆਂ ਤਿਆਰ ਬਰ ਤਿਆਰ, ਸੋਢੀ ਸੱਚੇ ਪਾਤਿਸ਼ਾਹ ਜੀ ਮਹਾਰਾਜ! ਆਪ ਜੀ ਦਾ ਖ਼ਾਲਸਾ ਜਪੇ ਅਕਾਲ ਹੀ ਅਕਾਲ, ਗੁਰ ਬਰ ਅਕਾਲ, ਦੇਗ਼ ਤੇਗ਼ ਫ਼ਤੇਹ ਗੁਰੂ ਖ਼ਾਲਸੇ ਜੀ ਦੀ ਹਰ ਮੈਦਾਨ ਫ਼ਤੇਹ!


ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤੇਹ॥



DOWNLOAD OUR NEW APP

# LEARN SHUDH GURBANI

SIMPLIFYING SANTHIYA




Available on Apple and Android

Our mission is to teach Gurmukhi for you to read & recite Gurbani correctly.

GET IT ON Google Play

Download on the App Store

GURSEVAK

gursevaksevadar

www.gursevak.com
hello@gursevak.com



Bhagat Jaswant Singh Ji Daudarwale,
Vidyaarthi Sant Giani Gurbachan Singh Ji Bhindranwale